بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06 .02.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 6 ਫ਼ਰਵਰੀ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।**

ਆਪਣੇ ਅੰਦਰ ਅਜਿਹਾ ਪਾਕ ਪਰਿਵਰਤਨ ਕਰੋ ਕਿ ਦੁਨੀਆ ਉਸ ਨੂੰ ਮਹਿਸੂਸ ਕਰੇ । ਤੁਹਾਡੀ ਹਾਲਤ ਇਹ ਹੋਵੇ ਕਿ ਤੁਹਾਡੀ ਸੰਜਮਤਾ, ਤੁਹਾਡੀ ਪਵਿੱਤਰਤਾ, ਤੁਹਾਡੀਆਂ ਦੁਆਵਾਂ ਦੀ ਪਰਵਾਨਗੀ ਅਤੇ ਤੁਹਾਡਾ ਰੱਬ ਨਾਲ ਸੰਬੰਧ ਦੇਖ ਕੇ ਲੋਕ ਇਸ ਵੱਲ ਖਿੱਚੇ ਆਉਣ । ਮੋਮਨ ਦਾ ਕੰਮ ਹੈ ਕਿ ਆਪਣੇ ਆਪ ਨੂੰ ਕੰਮ ਵਿੱਚ ਲੀਨ ਰੱਖੇ । ਇਕ ਟੀਚਾ ਪ੍ਰਾਪਤ ਕਰਕੇ ਦੂਜੇ ਟਾਰਗਟ ਦੀ ਭਾਲ ਲਈ ਲੱਕ ਬਨ੍ਹ ਲਏ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਪੜ੍ਹਨ ਦੇ ਮਾੜੇ ਤੇ ਚੰਗੇ ਪ੍ਰਭਾਵ ਜਿਵੇਂ ਤੇ ਜਿਸ ਸੋਚ ਨਾਲ ਮਨੁੱਖ ਪੜ੍ਹਦਾ ਹੈ ਉਸੇ ਪ੍ਰਕਾਰ ਪ੍ਰਭਾਵ ਬਣਦੇ ਹਨ । ਇਸ ਸੰਬੰਧ ਵਿੱਚ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਇਕ ਗੱਲ ਸੁਣਾਉਂਦੇ ਹਨ ਕਿ ਮੌਲਵੀ ਮੁਹੱਮਦ ਅਹਸਨ ਸਾਹਬ ਅਮਰੋਹੀ ਨੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਸੁਣਾਇਆ ਕਿ ਮੌਲਵੀ ਬਸ਼ੀਰ ਅਹਮਦ ਸਾਹਬ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਬਹੁਤ ਸਮਰਥਕ ਸਨ ਅਤੇ ਕਹਿੰਦੇ ਹਨ ਕਿ ਮੈਂ ਬਹੁਤ ਵਿਰੋਧੀ ਸੀ । ਮੌਲਵੀ ਬਸ਼ੀਰ ਅਹਮਦ ਸਾਹਾਬ ਹਮੇਸ਼ਾ ਹੋਰਨਾ ਨੂੰ ਬ੍ਰਾਹੀਨ ਅਹਮਦੀਆ ਪੜ੍ਹਨ ਦਾ ਨਿਰਦੇਸ਼ ਕਰਦੇ ਅਤੇ ਕਿਹਾ ਕਰਦੇ ਸਨ ਕਿ ਇਹ ਮਨੁੱਖ ਮੁਜਦੱਦ ਹੈ ਜਿਸ ਨੇ ਇਹ ਕਿਤਾਬ ਲਿਖੀ ਹੈ । ਕਹਿੰਦੇ ਹਨ ਕਿ ਅੰਤ ਮੈਂ ਉਹਨਾਂ ਨੂੰ ਕਿਹਾ ਕਿ ਆਓ ਬਹਿਸ ਕਰ ਲੈਂਦੇ ਹਾਂ ਕਿ ਇਹ ਮੁਜਦੱਦ ਹਨ ਜਾਂ ਨਹੀਂ ਪਰ ਮੁਬਾਹਿਸੇ ਦੀ ਅਵਸਥਾ ਕੀ ਹੋਵੇਗੀ ਕਿ ਆਪ ਸਮਰਥਕ ਹੋ ਪੱਖ ਪੂਰਦੇ ਹੋ ਆਪ ਵਿਰੋਧੀ ਦ੍ਰਿਸ਼ਟੀ ਨਾਲ ਕਿਤਾਬਾਂ ਪੜ੍ਹੋ ਅਤੇ ਮੈਂ ਵਿਰੋਧੀ ਹਾਂ ਇਸ ਲਈ ਮੈਂ ਸਮਰਥਨ ਦੀ ਦ੍ਰਿਸ਼ਟੀ ਨਾਲ ਪੜ੍ਹਾਂਗਾ । ਸੱਤ ਅੱਠ ਦਿਨ ਕਿਤਾਬਾਂ ਦੇ ਅਧਿਐਨ ਲਈ ਨਿਰਧਾਰਤ ਹੋ ਗਏ । ਦੋਹਾਂ ਨੇ ਕਿਤਾਬਾਂ ਦਾ ਅਧਿਐਨ ਕੀਤਾ । ਸਿੱਟਾ ਇਹ ਹੋਇਆ ਕਿ ਮੈਂ ਜੋ ਵਿਰੋਧੀ ਸੀ ਮੈਂ ਅਹਮਦੀ ਹੋ ਗਿਆ ਅਤੇ ਬਸ਼ੀਰ ਸਾਹਬ ਦੇ ਮਨ ਵਿੱਚੋਂ ਈਮਾਨ ਜਾਂਦਾ ਰਿਹਾ । ਇਸ'ਤੇ ਆਪਣੀ ਰਾਏ ਦਿੰਦੇ ਹੋਏ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਨਫ਼ਸ ਦੇ ਗਿਆਨ ਪੱਖੋਂ ਡਿਬੇਟਸ (ਤਰਕ ਵਿਤਰਕ) ਕਰਨਾ ਬਹੁਤ ਹਾਨੀਕਾਰਕ ਹੈ ਅਤੇ ਕਈ ਵਾਰ ਬਹੁਤ ਘਾਟੇ ਦਾ ਸਬਬ ਬਣ ਜਾਂਦਾ ਹੈ । ਇਹ ਅਜਿਹੇ ਸੂਖਮ ਮਸਲੇ ਹਨ ਜਿੰਨ੍ਹਾ ਨੂੰ ਸਮਝਣ ਲਈ ਹਰ ਅਧਿਆਪਕ ਯੋਗਤਾ ਨਹੀਂ ਰਖੱਦਾ । ਇਸ ਲਈ ਚੰਗੀ ਗੱਲ ਵਿੱਚ ਵੀ ਜੇਕਰ ਅਲੋਚਨਾ ਦੀ ਦ੍ਰਿਸ਼ਟੀ ਨਾਲ ਇਤਰਾਜ਼ਾਂ ਦੀ ਦ੍ਰਿਸ਼ਟੀ ਨਾਲ ਅਰਥ ਕਢੱਣ ਦੇ ਜਤਨ ਕਰੀਏ ਤਾਂ ਉਹੋ ਠੋਕਰ ਦਾ ਸਬਬ ਬਣ ਜਾਂਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀਆਂ ਕਿਤਾਬਾਂ ਉਪੱਰ ਬਹੁਤ ਲੋਕ ਇਤਰਾਜ਼ ਕਰਦੇ ਹਨ ਕਿ ਅਸੀਂ ਪੜ੍ਹਿਆ, ਇਹ ਲਿੱਖਿਆ ਹੋਇਆ ਅਤੇ ਉਹ ਲਿੱਖਿਆ ਹੋਇਆ ਹੈ । ਇਸ ਲਈ ਕਿ ਉਹ ਪੜ੍ਹਦੇ ਹੀ ਇਤਰਾਜ਼ ਕਰਨ ਲਈ ਹਨ ਅਤੇ ਫਿਰ ਵਿਸ਼ੇ ਦੀ ਲੜੀਵਾਰਤਾ ਵੀ ਨਹੀਂ ਮਿਲਾਉਂਦੇ । ਇਹ ਕੋਈ ਨਵੀਂ ਚੀਜ ਨਹੀਂ ਹੈ ਇਤਰਾਜ਼ ਕਰਨ ਵਾਲੇ ਤਾਂ ਰੱਬ ਦੇ ਕਲਾਮ ਵਿੱਚ ਵੀ ਇਤਰਾਜ਼ ਲਾ ਦਿੰਦੇ ਹਨ । ਇਸ ਲਈ ਕੁਰਆਨ ਕਰੀਮ ਬਾਰੇ ਵੀ ਅਲੱਾਹ ਤਆਲਾ ਆਪ ਫ਼ਰਮਾਉਂਦਾ ਹੈ ਕਿ ਇਹ ਮੋਮਨਾ ਲਈ ਤਾਂ ਸ਼ਿਫ਼ਾ ਅਤੇ ਰਹਿਮਤ ਹੈ ਪਰ ਇਤਰਾਜ਼ (ਖੰਡਨ) ਕਰਨ ਵਾਲੇ ਜੋ ਹਨ, ਜੋ ਜ਼ਾਲਮ ਹਨ ਉਹਨਾਂ ਨੂੰ ਘਾਟੇ ਵਿੱਚ ਪਾਉਂਦਾ ਹੈ । ਇਸ ਲਈ ਭਾਵੇਂ ਰੱਬ ਦਾ ਕਲਾਮ ਹੀ ਕਿਉਂ ਨ ਹੋਵੇ ਉਸ ਸਮੇਂ ਤੱਕ ਲਾਭ ਨਹੀਂ ਦਿੰਦਾ ਜੱਦ ਤੱਕ ਪਾਕ ਮਨ ਨਾਲ ਪੜ੍ਹਨ ਦਾ ਜਤਨ ਨ ਕੀਤਾ ਜਾਵੇ ।

ਫਿਰ ਨਮਾਜ਼ ਦੀ ਮਹਤੱਾ ਬਾਰੇ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮੁਓਦ ਅਲੈਹਿ ਸਲਾਮ ਦੀ ਇਕ ਘਟਨਾ ਵਰਨਣ ਕਰਦੇ ਹਨ ਇਕ ਵਾਰ ਅਜਿਹਾ ਹੋਇਆ ਕਿ ਮੁਕਦੱਮੇ ਦੀ ਪੈਰ੍ਵੀ ਸਮੇਂ ਨਮਾਜ਼ ਦਾ ਸਮਾਂ ਹੋ ਗਿਆ । ਆਪ ਲੋਕਾਂ ਦੇ ਮਨਾ ਕਰਨ ਦੇ ਬਾਦ ਵੀ ਨਮਾਜ਼ ਪੜ੍ਹਨ ਲਈ ਚਲੇ ਗਏ ਅਤੇ ਜਾਣ ਮਗਰੋਂ ਹੀ ਮੁਕਦੱਮੇ ਦੀ ਪੈਰ੍ਵੀ ਲਈ ਬੁਲਾਏ ਗਏ ਪਰ ਆਪ ਇਬਾਦਤ ਵਿੱਚ ਲੀਨ ਸਨ । ਨਿਯਮ ਅਨੁਸਾਰ ਚਾਹੀਦਾ ਤਾਂ ਇਹ ਸੀ ਕਿ ਮਜਿਸਟ੍ਰੇਟ ਆਪ ਦੇ ਵਿਰੁਧ ਇਕ ਪੱਖੀ ਡਿਗਰੀ ਕਰ ਦਿੰਦਾ, ਪਰ ਰੱਬ ਨੂੰ ਇਹ ਗੱਲ ਆਪ ਦੀ ਐਨ੍ਹੀ ਪਸੰਦ ਆਈ ਕਿ ਉਸ ਨੇ ਮਜਿਸਟ੍ਰੇਟ ਦਾ ਧਿਆਨ ਉਸ ਪਾਸੇ ਕਰਵਾਇਆ ਕਿ ਆਪ ਇਬਾਦਤ ਕਰ ਰਹੇ ਹਨ ਅਤੇ ਉਸ ਨੇ ਆਪ ਜੀ ਦੀ ਹਾਜ਼ਰੀ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਹੋਇਆਂ ਫ਼ੈਸਲਾ ਆਪ ਦੇ ਹੱਕ ਵਿੱਚ ਜਾਂ ਆਪ ਦੇ ਪਿਤਾ ਜੀ ਦੇ ਹੱਕ ਕਰ ਦਿੱਤਾ । ਅਪਣੇ ਤਾਂ ਮੁਕਦੱਮੇ ਹੁੰਦੇ ਹੀ ਨਹੀਂ ਸਨ, ਜਾਇਦਾਦਾਂ ਦੇ ਮੁਕਦੱਮੇ ਸਨ ਜੇਕਰ ਕਦੇ ਜਾਣਾ ਪਏ ਤਾਂ ਮੁਜਬੂਰੀ ਕਰਕੇ ਪਿਤਾ ਜੀ ਦੇ ਕਰਕੇ ਹੀ ਜਾਇਆ ਕਰਦੇ ਸਨ ।

ਫਿਰ ਇਕ ਥਾਂ ਹੋਰ ਨਮਾਜ਼ ਬਾਜਮਾਤ ਦੀ ਮਹਤੱਾ ਅਤੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਢੰਗ ਬਾਰੇ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ । ਸਾਨੂੰ ਕਿਵੇਂ ਨਮਾਜ਼ ਬਾਜਮਾਤ ਦੀ ਆਦਤ ਪਾਉਂਣੀ ਚਾਹੀਦੀ ਹੈ । ਫ਼ਰਮਾਇਆ ਕਿ ਹਜਜ਼ਰਤ ਮਸੀਹ ਮਊਦ ਅਲੈਹਿ ਸਲਾਮ ਅਜਿਹੇ ਮੌਕਿਆਂ'ਤੇ ਜੱਦ ਨਮਾਜ਼ ਬਾਜਮਾਤ ਲਈ ਮਸਜਿਦ ਨਹੀਂ ਜਾ ਸਕਦੇ ਸਨ ਤਾਂ ਘਰ ਵਿੱਚ ਹੀ ਜਮਾਤ ਕਰਾ ਲਿਆ ਕਰਦੇ ਸਨ ਅਤੇ ਸੁਭਾਵਕ ਹੀ ਕਦੇ ਕਿਸੇ ਮਜਬੂਰੀ ਕਰਕੇ ਵੱਖਰੀ ਨਮਾਜ਼ ਪੜ੍ਹਿਆ ਕਰਦੇ ਸਨ । ਇਸ ਲਈ ਅਵੱਲ ਤਾਂ ਹਰ ਥਾਂ ਸਜੱਣਾ ਮਿਤੱਰਾਂ ਨੂੰ ਜਮਾਤ ਨਾਲ ਰੱਲ ਕੇ ਨਮਾਜ਼ ਪੜ੍ਹਨੀ ਚਾਹੀਦੀ ਹੈ ਅਤੇ ਜਿਸ ਨੂੰ ਇਹ ਅਵਸਰ ਨ ਹੋਵੇ ਉਸ ਨੂੰ ਚਾਹੀਦਾ ਹੈ ਕਿ ਆਪਣੀ ਪਤਨੀ ਤੇ ਬੱਚਿਆਂ ਨਾਲ ਰੱਲਕੇ ਨਮਾਜ਼ ਬਾਜਮਾਤ ਕਰ ਲਿਆ ਕਰੇ । ਜਿੱਥੇ ਸ਼ਹਿਰ ਵੱਡਾ ਹੋਵੇ ਸਜੱਣ ਮਿਤੱਰ ਦੂਰ ਰਹਿੰਦੇ ਹੋਣ, ਓਥੇ ਮੁਹੱਲੇਦਾਰ ਜੋ ਹਨ ਉਹਨਾਂ ਨੂੰ ਨਮਾਜ਼ ਬਾਜਮਾਤ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਜਿੱਥੇ ਮਸਜਿਦ ਨਹੀਂ ਹੈ ਓਥੇ ਮਸਜਿਦ ਬਨਾਉਣ ਦਾ ਜਤਨ ਕਰਨਾ ਚਾਹੀਦਾ ਹੈ ।

ਸੋ, ਬਹਿਹਾਲ ਨਮਾਜ਼ ਬਾਜਮਾਤ ਦੀ ਮਹਤੱਾ ਇਹ ਹੈ ਕਿ ਘਰਾਂ ਵਿੱਚ ਵੀ ਹੋਵੋ ਤਾਂ ਬੱਚਿਆਂ ਨੂੰ ਨਾਲ ਲੈਕੇ ਨਮਾਜ ਬਾਜਮਾਤ ਪੜ੍ਹਿਆ ਕਰਨ ਤਾਂ ਜੋ ਬੱਚਿਆਂ ਵਿੱਚ ਵੀ ਜਮਾਜ਼ ਬਾਜਮਾਤ ਦਾ ਅਹਿਸਾਸ ਬਣਿਆ ਰਹੇ । ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਗੱਲ ਦੀ ਬਹੁਤ ਤਲਕੀਨ ਕੀਤੀ ਹੈ ਕਿ ਨਮਾਜ਼ ਆਪਣੀਆਂ ਸਾਰੀਆਂ ਸ਼ਰਤਾਂ ਸਹਿਤ ਪੜ੍ਹਿਆਂ ਕਰੋ । ਹਜ਼ਰਤ ਮੁਸਲਿਹ ਮਊਦ ਨੇ ਇਸ ਬਾਰੇ ਫ਼ਰਮਾਇਆ ਕਿ ਨਮਾਜ਼ ਦੀ ਸੁੰਦਰਤਾ ਉਸ ਨੂੰ ਸੁਆਰ ਕੇ ਪੜ੍ਹਨ ਵਿੱਚ ਹੈ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਇਆ ਕਰਦੇ ਸਨ ਕਿ ਲੋਕ ਨਮਾਜ਼ ਇਉਂ ਪੜ੍ਹਦੇ ਹਨ ਜਿਵੇਂ ਮੁਰਗੇ ਠੂੰਗੇ ਮਾਰਕੇ ਦਾਣੇ ਚੁਗਦੇ ਹਨ । ਅਜਿਹੀ ਨਮਾਜ਼ ਨਿਸ਼ਚੇ ਹੀ ਕੋਈ ਲਾਭ ਨਹੀਂ ਪਹੁੰਚਾ ਸਕਦੀ ਸਗੋਂ ਕਈ ਵਾਰ ਅਜਿਹੀ ਨਮਾਜ਼ ਲਾਨ੍ਹਤ ਦਾ ਸਬਬ ਬਣ ਜਾਂਦੀ ਹੈ ।

ਇਕ ਵਾਰ ਕਿਸੇ ਹਜ਼ਰਤ ਮੁਸਲਿਹ ਮਊਦ ਨੂੰ ਸ਼ਿਕਾਇਤ ਕੀਤੀ ਕਿ ਮਤਹਿਤ ਸਾਨੂੰ ਸਲਾਮ ਨਹੀਂ ਕਰਦੇ । ਇਸ 'ਤੇ ਆਪ ਨੇ ਇਕ ਨਸੀਹਤ ਕੀਤੀ ਕਿ ਜੇਕਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦਾ ਆਦੇਸ਼ ਇਕ ਭਾਈ ਨਹੀਂ ਮਨ੍ਹਦਾ ਤਾਂ ਕਿਉ ਨ ਅਸੀਂ ਆਪ ਪਹਿਲ ਕਰੀਏ । ਇਹ ਕਿਤੇ ਵੀ ਆਦੇਸ਼ ਨਹੀਂ ਕਿ ਸਲਾਮ ਕੇਵਲ ਛੋਟਾ ਹੀ ਕਰੇ ਵਡੱਾ ਨ ਕਰੇ । ਜੇਕਰ ਮਤਹਿਤ ਨੇ ਨਹੀਂ ਕੀਤਾ ਤਾਂ ਅਫ਼ਸਰ ਆਪ ਪਹਿਲ ਕਰ ਦੇਵੇ । ਅਜਿਹੀਆਂ ਗੱਲਾਂ ਵਿੱਚ ਨਾਜ਼ਿਰਾਂ (ਅਫ਼ਸਰਾਂ) ਨੂੰ ਇਤਰਾਜ਼ ਕਰਨ ਦੀ ਥਾਂ ਆਪ ਨਮੂਨਾ ਬਨਣਾ ਚਾਹੀਦਾ ਹੈ । ਇਹ ਸਾਡੇ ਹਰ ਅਹੁਦੇਦਾਰ ਨੂੰ ਚਾਹੀਦਾ ਹੈ ਕਿ ਉਹ ਜਿਸ ਵੀ ਪਧੱਰ ਦੇ ਅਹੁਦੇਦਾਰ ਹਨ ਆਪਣੇ ਨਮੂਨੇ ਕਾਇਮ ਕਰਨ । ਸਲਾਮ ਕਰਨ ਵਿੱਚ ਪਹਿਲ ਕਰਨ । ਜਮਾਤ ਵਿੱਚ ਹਰ ਤਬਕੇ ਨੂੰ ਸਲਾਮ ਦਾ ਰਿਵਾਜ ਦੇਣਾ ਜਾਹੀਦਾ ਹੈ ਇਹ ਹਦੀਸ ਵੀ ਹੈ।

ਇਕ ਮੁਕਦੱਮੇ ਵਿੱਚ ਮਜਿਸਟ੍ਰੇਟ ਦੀ ਪੱਕੀ ਨੀਯਤ ਸੀ ਕਿ ਸਗੋਂ ਉਸ ਨੇ ਪ੍ਰਣ ਲਿਆ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਵਸ਼ ਹੀ ਦੰਡ ਦੇਣਾ ਹੈ । ਇਸ ਘਟਨਾ ਦਾ ਵਰਨਣ ਕਰਦੇ ਹੋਏ ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ ਇਕ ਥਾਂ ਭੂਮਿਕਾ ਪਹਿਲਾਂ ਬਣਾਈ ਹੈ ਕਿ ਇਕ ਵਾਰ ਹਜ਼ਰ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਮੁਸਲਮਾਨਾਂ ਦੀ ਜਣਗਣਣਾ (ਮਰਦਮਸ਼ੁਮਾਰੀ) ਕਰਾਈ ਤਾਂ ਸਹਾਬਾ ਨੇ ਵਿਚਾਰ ਕੀਤਾ ਕਿ ਸ਼ਾਇਦ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਇਸ ਲਈ ਮਰਦਮਸ਼ੁਮਾਰੀ ਕਰਾਈ ਹੈ ਕਿ ਆਪ ਨੂੰ ਵਿਚਾਰ ਹੈ ਕਿ ਦੁਸ਼ਮਣ ਸਾਨੂੰ ਤਬਾਹ ਨ ਕਰ ਦੇਵੇ । ਅਤੇ ਉਹਨਾਂ ਨੇ ਕਿਹਾ ਕਿ ਹੇ, ਰਸੂਲੁਲੱਾਹ ! ਸਲਲੱਾਹੁ ਅਲੈਹਿ ਵਸਲਅਮ ਹੁਣ ਤਾਂ ਅਸੀਂ ਸੱਤ ਸੌ ਹੋ ਗਏ ਹਾਂ । ਕੀ ਹੁਣ ਵੀ ਵਿਚਾਰ ਕੀਤਾ ਜਾ ਸਕਦਾ ਹੈ ਕਿ ਕੋਈ

ਸਾਨੂੰ ਤਬਾਹ ਕਰ ਸਕੇਗਾ । ਇਹ ਕਿੰਨ੍ਹਾ ਸੋਹਣਾ ਈਮਾਨ ਸੀ ਕਿ ਉਹ ਸੱਤ ਸੌ ਹੁੰਦਿਆਂ ਹੋਇਆ ਵੀ ਇਹ ਵਿਚਾਰ ਤੱਕ ਨਹੀਂ ਕਰ ਸਕਦੇ ਸਨ ਕਿ ਦੁਸ਼ਮਣ ਉਹਨਾਂ ਨੂੰ ਤਬਾਹ ਕਰ ਸਕੇਗਾ । ਆਪ ਨੇ ਫ਼ਰਮਾਇਆ ਈਮਾਨ ਦੀ ਸ਼ਕਤੀ ਬਹੁਤ ਵੱਡੀ ਹੁੰਦੀ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਘਟਨਾ ਹੈ ਕਿ ਇਕ ਵਾਰ ਆਪ ਗੁਰਦਾਸਪੁਰ ਵਿੱਚ ਸਨ, ਖ਼ਵਾਜਾ ਕਮਾਲੁੱਦੀਨ ਸਾਹਬ ਅਤੇ ਕੁਝ ਹੋਰ ਅਹਮਦੀ ਬਹੁਤ ਘਬਰਾਏ ਹੋਏ ਆਏ ਅਤੇ ਕਿਹਾ ਕਿ ਫ਼ਲਾਣਾ ਮਜਿਸਟ੍ਰੇਟ ਜਿਸ ਕੋਲ ਮੁਕਦੱਮਾ ਹੈ ਲਹੌਰ ਗਿਆ ਸੀ । ਆਰਿਆਂ ਨੇ ਉਸ'ਤੇ ਬਹੁਤ ਜ਼ੋਰ ਦਿੱਤਾ ਹੈ ਕਿ ਮਿਰਜ਼ਾ ਸਾਹਬ ਸਾਡੇ ਧਰਮ ਦੇ ਕਟੱੜ ਵਿਰੋਧੀ ਹਨ, ਉਹਨਾਂ ਨੂੰ ਅਵਸ਼ ਦੰਡ ਦਿਓ ਭਾਂਵੇਂ ਇਕ ਦਿਨ ਦਾ ਹੀ ਕਿਉਂ ਨ ਹੋਵੇ । ਇਹ ਤੁਹਾਡੀ ਕੌਮੀ ਸੇਵਾ ਹੋਵੇਗੀ ਅਤੇ ਉਹ ਉਹਨਾਂ ਨਾਲ ਵਾਦਾ ਕਰਕੇ ਆਇਆ ਹੈ ਕਿ ਮੈਂ ਜ਼ਰੂਰ ਦੰਡ ਦਿਆਂਗਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਹ ਗੱਲ ਸੁਣੀ ਤਾਂ ਆਪ ਲੇਟੇ ਹੋਏ ਸਨ, ਇਹ ਸੁਣਕੇ ਆਪ ਅਰਕ ਦੇ ਭਾਰ ਹੋ ਗਏ ਅਤੇ ਕਿਹਾ, ਖ਼ਵਾਜਾ ਸਾਹਬ ਆਪ ਕਿਹੋ ਜਿਹੀਆਂ ਗੱਲਾਂ ਕਰਦੇ ਹੋ, ਕੀ ਕੋਈ ਰੱਬ ਦੇ ਸ਼ੇਰ ਉਪੱਰ ਹੱਥ ਪਾ ਸਕਦਾ ਹੈ । ਸੋ, ਰੱਬ ਨੇ ਉਸ ਮਜਿਸਟੇਟ ਨੂੰ ਇਹ ਦੰਡ ਦਿੱਤਾ ਕਿ ਪਹਿਲਾਂ ਤਾਂ ਉਸ ਦਾ ਤਬਾਦਲਾ ਗੁਰਦਾਸਪੁਰ ਤੋਂ ਹੋ ਗਿਆ ਫਿਰ ਉਹ ਡੀਗ੍ਰੇਡ ਹੋ ਗਿਆ ਅਰਥਾਤ ਉਹ ਈ ਐਸ ਸੀ ਤੋਂ ਮੁਨਸਫ਼ ਬਣਾ ਦਿਤੱਾ ਗਿਆ ਅਤੇ ਫ਼ੈਸਲਾ ਦੂਜੇ ਮਜਿਸਟ੍ਰੇਟ ਨੇ ਆਣਕੇ ਦਿੱਤਾ । ਭਾਵ ਈਮਾਨ ਦੀ ਬਹੁਤ ਸ਼ਕਤੀ ਹੁੰਦੀ ਹੈ ਅਤੇ ਉਸਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ।

ਇਸੇ ਮੁਕਦੱਮੇ ਬਾਰੇ ਇਕ ਥਾਂ ਆਪ ਹੋਰ ਫ਼ਰਮਾਉਂਦੇ ਹਨ ਕਿ ਖ਼ਵਾਜਾ ਕਮਲਾਲੁੱਦੀਨ ਸਾਹਬ ਨੇ ਕਿਹਾ ਹਜ਼ੂਰ ! ਮਜਿਸਟ੍ਰੇਟ ਅਵਸ਼ ਕੈਦ ਕਰ ਦੇਵੇਗਾ ਅਤੇ ਦੰਡ ਦੇਵੇਗਾ । ਚੰਗਾ ਹੈ ਵਿਰੋਧੀ ਦਲ ਨਾਲ ਸਲਾਹ ਕਰ ਲਈ ਜਾਵੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਅਰਕਾਂ ਤੋਂ ਸਹਾਰਾ ਲੈਕੇ ਬਹਿ ਕੇ ਫ਼ਰਮਾਇਆ, ਖ਼ਵਾਜਾ ਸਾਹਬ ਰੱਬ ਦੇ ਸ਼ੇਰ ਉਪੱਰ ਹੱਥ ਪਾਉਂਣਾ ਕੋਈ ਸੌਖੀ ਗੱਲ ਨਹੀਂ । ਮੈਂ ਰੱਬ ਦਾ ਸ਼ੇਰ ਹਾਂ । ਉਹ ਮੇਰੇ ਉਪੱਰ ਹੱਥ ਤਾਂ ਪਾਕੇ ਦੇਖੇ । ਸੋ ਅਜਿਹਾ ਹੀ ਹੋਇਆ । ਦੋ ਮਜਿਸਟ੍ਰੇਟਾਂ ਵਿੱਚੋਂ ਜੋ ਇਸ ਮੁਕਦੱਮੇ ਦਾ ਫ਼ੈਸਲਾ ਕਰਨ ਲਈ ਨਿਰਧਾਰਤ ਸਨ ਇਕ ਦਾ ਲੜਕਾ ਪਾਗਲ ਹੋ ਗਿਆ, ਉਸ ਦੀ ਪਤਨੀ ਨੇ ਉਸ ਨੂੰ ਲਿੱਖਿਆ ਕਿ ਤੁਸੀਂ ਇਕ ਮੁਸਲਮਾਨ ਫ਼ਕੀਰ ਦੀ ਹਤੱਕ ਕੀਤੀ ਹੈ ਜਿਸ ਦਾ ਸਿਟੱਾ ਇਹ ਹੋਇਆ ਹੈ ਕਿ ਇਕ ਲੜਕਾ ਪਾਗਲ ਹੋ ਗਿਆ ਹੈ । ਹੁਣ ਦੂਜੇ ਲਈ ਹੁੱਸ਼ਿਆਰ ਹੋ ਜਾਓ । ਉਸ ਨੇ ਇਸ ਵੱਲ ਕੋਈ ਧਿਆਨ ਨਹੀਂ ਦਿਤੱਾ, ਇਸ ਦਾ ਸਿਟੱਾ ਇਹ ਹੋਇਆ ਕਿ ਉਸ ਦਾ ਦੂਜਾ ਲੜਕਾ ਰਾਵੀ ਦਰਿਆ'ਤੇ ਗਿਆ ਓਥੇ ਨਹਾ (ਇਸ਼ਨਾਨ) ਰਿਹਾ ਸੀ ਕਿ ਮਗਰਮੱਛ ਨੇ ਉਸ ਦੀ ਲੱਤ ਫੜ ਲਈ, ਇਸ ਪ੍ਰਕਾਰ ਉਹ ਖ਼ਤਮ ਹੋ ਗਿਆ । ਉਹ ਮਜਿਸਟ੍ਰੇਟ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਐਨ੍ਹਾ ਤੰਗ ਕੀਤਾ ਕਰਦਾ ਸੀ ਕਿ ਮੁਕਦੱਮੇ ਦੌਰਾਨ ਸਾਰਾ ਸਮਾਂ ਆਪਨੂੰ ਖੜਾ ਰੱਖਦਾ । ਜੇਕਰ ਪਾਣੀ ਪੀਣ ਦੀ ਲੋੜ ਅਨੁਭਵ ਹੁੰਦੀ ਤਾਂ ਪਾਣੀ ਪੀਣ ਦੀ ਆਗਿਆ ਨਹੀਂ ਦਿੰਦਾ । ਦੂਜਾ ਮਜਿਸਟ੍ਰੇਟ ਜੋ ਸੀ ਉਹ ਵੀ ਮੁਅਤੱਲ (ਨਿਲੰਬਤ) ਹੋ ਗਿਆ । ਬਹਿਰਹਾਲ ਇਹ ਦੋਵੇ ਲੋਕ ਸਨ ਜੋ ਬਹੁਤ ਸਖ਼ਤ ਜ਼ੁਲਮ ਲਈ ਤਿਆਰ ਸਨ ਫਿਰ ਉਹਨਾਂ ਨੇ ਆਪਣਾ ਅੰਜਾਮ (ਪਰਿਣਾਮ) ਵੀ ਦੇਖ ਲਿਆ । ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ ਕਿ ਇਹ ਖੁੱਲੇ ਚਮਤਕਾਰ ਹਨ ਜਿਨ੍ਹਾ ਰਾਹੀਂ ਰੱਬ ਦੁਨੀਆ ਵਿੱਚ ਆਪਣੇ ਨਬੀਆਂ (ਅਵਤਾਰਾਂ) ਦੀ ਸਚੱਾਈ ਪ੍ਰਕਟ ਕਰਦਾ ਹੈ ।

ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਗੱਲ ਸੁਣਾਇਆ ਕਰਦੇ ਸਨ ਕਿ ਇਕ ਵਾਰ ਰੁਸਤਮ ਦੇ ਘਰ ਚੋਰ ਆ ਗਿਆ । ਉਸ ਨੇ ਚੋਰ ਨੂੰ ਫੜਨ ਦਾ ਜਤਨ ਕੀਤਾ । ਚੋਰ ਕੁਸ਼ਤੀ ਲੜਨਾ ਜਾਣਦਾ ਸੀ । ਉਸ ਨੇ ਰੁਸਤਮ ਨੂੰ ਹੇਠਾਂ ਢਾਹ ਲਿਆ । ਜੱਦ ਰੁਸਤਮ ਨੇ ਦੇਖਿਆ ਕਿ ਹੁਣ ਤਾਂ ਮੈਂ ਮਾਰਿਆ ਜਾਵਾਂਗਾ ਤਾ ਉਸ ਨੇ ਕਿਹਾ, ਆਗਿਆ ਰੁਸਤਮ । ਚੋਰ ਨੇ ਜੱਦ ਇਹ ਅਵਾਜ਼ ਸੁਣੀ ਤਾਂ ਝੱਟ ਛੱਡ ਕੇ ਨੱਸਿਆ । ਭਾਵ ਚੋਰ ਰੁਸਤਮ ਨਾਲ ਤਾਂ ਲੜਦਾ ਰਿਹਾ ਸਗੋਂ ਉਸ ਨੂੰ ਢਾਹ ਵੀ ਲਿਆ ਪਰ ਰੁਸਤਮ ਦੇ ਨਾਂ ਨਾਲ ਡਰਕੇ ਭੱਜਿਆ । ਇਸ ਹਵਾਲੇ ਨਾਲ ਆਪ ਨੇ ਇਹ ਨਸੀਹਤ ਕੀਤੀ ਕਿ ਕਈ ਵਾਰ ਕਈ ਲੋਕ ਅਜਿਹੀਆਂ ਅਫ਼ਵਾਹਾਂ ਫ਼ੈਲਾ ਦਿੰਦੇ ਹਨ ਜਿਸ ਨਾਲ ਲੋਕਾਂ ਦੇ ਹੌਂਸਲੇ ਹੀਣ ਹੋ ਜਾਂਦੇ ਹਨ । ਸੋ, ਆਪਣੀ ਬਹਾਦੁਰੀ ਤੇ ਜੁਰੱਤ ਨੂੰ ਕਾਇਮ ਰੱਖਣ ਲਈ ਇਹ ਗੱਲ ਅਤਿ ਜ਼ਰੂਰੀ ਹੈ ਕਿ ਗ਼ਲਤ ਅਫ਼ਵਾਹਾਂ ਨੂੰ ਫ਼ੈਲਣ ਤੋਂ ਰੋਕਿਆ ਜਾਵੇ ਅਤੇ ਉਸਦਾ ਮੁਕਾਬਲਾ ਕੀਤਾ ਜਾਵੇ ।

ਇਹ ਜੋ ਮੁਕਦੱਮਾ ਕਰਮਦੀਨ ਸੀ ਇਸ ਬਾਰੇ ਵੀ ਫ਼ਰਮਾਉਂਦੇ ਹਨ । ਇਹ ਜਾਤਰਾ ਆਪ ਦੀ ਸਫ਼ਲਤਾ ਅਰੰਭ ਹੋਣ ਦਾ ਪਹਿਲਾ ਨਿਸ਼ਾਨ ਸੀ ਕਿ ਸੰਭਵਤਾ ਆਪ ਇਕ ਫ਼ੌਜਦਾਰੀ ਮੁਕਦੱਮੇ ਦੀ ਜਵਾਬਦਹੀ ਲਈ ਜਾ ਰਹੇ ਸਨ ਪਰ ਫਿਰ ਵੀ ਲੋਕਾਂ ਦੇ ਹਜੂਮ ਦਾ ਇਹ ਹਾਲ ਸੀ ਕਿ ਉਸ ਦਾ ਕੋਈ ਅਨੁਮਾਨ ਨਹੀਂ ਹੋ ਸਕਦਾ । ਜਿਸ ਸਮੇਂ ਆਪ ਜਿਹਲਮ ਦੇ ਰੇਲਵੇ ਸਟੇਸ਼ਨ ਉਪੱਰ ਉਤੱਰੇ ਹਨ

ਉਸ ਸਮੇਂ ਲੋਕਾਂ ਦਾ ਐਨ੍ਹਾ ਇਕੱਠ ਸੀ ਕਿ ਪਲੇਟਫ਼ਾਰਮ ਉਪੱਰ ਖੜੇ ਹੋਣ ਨੂੰ ਥਾਂ ਨਹੀਂ ਸੀ ਸਗੋਂ ਸਟੇਸ਼ਨ ਦੇ ਬਾਹਰ ਵੀ ਦੂਰ ਸੜਕਾਂ ਉਪੱਰ ਲੋਕਾਂ ਦੀ ਐਨ੍ਹੀ ਭੀੜ ਸੀ ਕਿ ਗੱਡੀ ਦਾ ਲੰਘਣਾ ਔਖਾ ਹੋ ਗਿਆ ਸੀ । ਲਗਭਗ ਇਕ ਹਜ਼ਾਰ ਲੋਕਾਂ ਨੇ ਇਸ ਥਾਂ ਬੈਅਤ ਕੀਤੀ । ਅਤੇ ਜੱਦ ਆਪ ਅਦਾਲਤ ਵਿੱਚ ਹਾਜ਼ਰ ਹੋਣ ਲਈ ਗਏ ਤਾਂ ਐਨ੍ਹੀ ਮਖ਼ਲੂਕ ਮੁਕਦੱਮੇ ਦੀ ਕਾਰਵਾਈ ਸੁਨਣ ਲਈ ਮੌਜੂਦ ਸੀ ਕਿ ਅਦਾਲਤ ਨੂੰ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ । ਬਹਿਰਹਾਲ ਆਪ ਪਹਿਲੀ ਪੇਸ਼ੀ ਵਿੱਚ ਹੀ ਬਰੀ ਹੋ ਗਏ ਅਤੇ ਖ਼ੈਰੀਯਤ ਨਾਲ ਵਾਪਸ ਪਰਤੇ । ਇਸ ਤੋਂ ਬਾਦ ਜਿਵੇਂ ਆਪ ਨੇ ਵਰਨਣ ਕੀਤਾ ਕਿ ਜਮਾਤ ਦੀ ਤਰੱਕੀ ਹੈਰਾਨੀ ਭਰਪੂਰ ਢੰਗ ਨਾਲ ਅਰੰਭ ਹੋ ਗਈ ਅਤੇ ਕਈ ਵਾਰ ਇਕ ਇਕ ਦਿਨ ਵਿੱਚ ਪੰਜ ਪੰਜ ਸੌ ਆਦਮੀ ਬੈਅਤ ਦੇ ਪਤੱਰ ਲਿਖੱਦੇ ਅਤੇ ਆਪ ਦੇ ਪੈਰੋਕਾਰ ਹਜ਼ਾਰਾਂ ਲਖੱਾਂ ਵਿੱਚ ਪਹੁੰਚ ਗਏ । ਹਰ ਪ੍ਰਕਾਰ ਦੇ ਲੋਕਾਂ ਨੇ ਆਪ ਦੇ ਹੱਥਾਂ ਉਪੱਰ ਬੈਅਤ ਕੀਤੀ ਅਤੇ ਇਹ ਸਿਲਸਿਲਾ ਬਹੁਤ ਤੀਬਰਤਾ ਨਾਲ ਫੈਲਣ ਲੱਗ ਗਿਆ ਅਤੇ ਪੰਜਾਬ ਤੋਂ ਨਿਕਲ ਕੇ ਦੂਜਿਆਂ ਸੂਬਿਆ ਅਤੇ ਫਿਰ ਦੂਜੇ ਦੇਸ਼ਾਂ ਵਿੱਚ ਵੀ ਆਪ ਦੇ ਜੀਵਨ ਕਾਲ ਵਿੱਚ ਹੀ ਫੈਲਣਾ ਅਰੰਭ ਹੋ ਗਿਆ ।

ਰੱਬ ਗ਼ੁਸਤਾਖ਼ੀ ਦਾ ਦੰਡ ਕਿਵੇਂ ਦਿੰਦਾ ਹੈ । ਇਕ ਤਾਂ ਮਜਿਸਟ੍ਰੇਟ ਦੀ ਘਟਨਾ ਸੁਣੀ, ਇਕ ਹੋਰ ਘਟਨਾ ਆਪ ਵਰਨਣ ਕਰਦੇ ਹਨ ਕਿ ਇਕ ਸਰਹੱਦੀ ਮੌਲਵੀ ਅਬਦੁਲ ਕਰੀਮ ਸੀ ਜੋ ਸਾਡੀ ਜਮਾਤ ਦਾ ਕਰੜਾ ਵਿਰੋਧੀ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਇਕ ਘਟਨਾ ਨੂੰ ਉਸਨੇ ਬਹੁਤ ਹੀ ਹਕੀਰੀ ਢੰਗ ਨਾਲ ਵਰਨਣ ਕੀਤਾ ਕਿ ਦੇਖੋ ਉਹ ਰੱਬ ਦਾ ਨਬੀ ਬਨਿਆ ਫਿਰਦਾ ਹੈ ਪਰ ਉਹ ਦਿੱਲੀ ਗਿਆ ਤਾਂ ਮਿਰਜ਼ਾ ਹੈਰਤ ਇੰਸਪੈਕਟਰ ਪੁਲਿਸ ਬਣ ਕੇ ਉਸ ਕੋਲ ਚਲਾ ਗਿਆ । ਉਹ ਕੋਠੇ ਉਪੱਰ ਬੈਠਾ ਹੋਇਆ ਸੀ ਜੱਦਕਿ ਇਹ ਵੀ ਉਕੱਾ ਹੀ ਝੂਠ ਹੈ, ਹਜ਼ਰਤ ਮਸੀਹ ਮਊਦ ਅਲੈਹਹਿ ਸਲਾਮ ਉਸ ਸਮੇਂ ਹੇਠਾਂ ਘਰ ਦੇ ਦਾਲਾਨ ਵਿੱਚ ਵਿਹੜੇ ਵਿੱਚ ਬੈਠੇ ਹੋਏ ਸਨ । ਮੌਲਵੀ ਅਬਦੁਲ ਕਰੀਮ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਾਰੇ ਕਹਿੰਦਾ ਹੈ ਕਿ ਜੱਦ ਉਸ ਨੇ ਸੁਣਿਆ ਕਿ ਇੰਸਪੈਕਟਰ ਪੁਲਿਸ ਆਇਆ ਹੈ ਤਾਂ ਅਜਿਹਾ ਘਬਰਾਇਆ ਕਿ ਪੌੜੀਆਂ ਤੋਂ ਉਤਰਦੇ ਸਮੇਂ ਉਸ ਦਾ ਪੈਰ੍ਹ ਫਿਸਲਿਆ ਅਤੇ ਮੂੰਹ ਦੇ ਭਾਰ ਧਰਤੀ ਉਪੱਰ ਆਣ ਪਿਆ । ਲੋਕਾਂ ਨੇ ਇਹ ਤਕਰੀਰ (ਭਾਸ਼ਣ) ਸੁਣਕੇ ਬਹੁਤ ਠਾਕੇ ਮਾਰੇ ਅਤੇ ਬਹੁਤ ਹਸੱਦੇ ਰਹੇ । ਪਰ ਇਸੇ ਰਾਤ ਨੂੰ ਮੌਲਵੀ ਅਬਦੁਲ ਕਰੀਮ ਨੂੰ ਰੱਬ ਨੇ ਫੜ ਲਿਆ । ਉਹ ਆਪਣੇ ਘਰ ਦੀ ਛੱਤ ਉਪੱਰ ਸੁਤੱਾ ਹੋਇਆ ਸੀ, ਰਾਤ ਨੂੰ ਕਿਸੇ ਕੰਮ ਕਰਕੇ ਉੱਠਿਆ ਅਤੇ ਕਿਉਂਕਿ ਛੱਤ ਦੀ ਮੁਢੇਰ ਨਹੀਂ ਸੀ ਅਤੇ ਨੀਂਦ ਨਾਲ ਅਖੱਾਂ ਬੰਦ ਹੋ ਰਹੀਆਂ ਸਨ, ਉਸ ਦਾ ਇਕ ਪੈਰ੍ਹ ਛੱਤ ਤੋਂ ਬਾਹਰ ਜਾ ਪਿਆ ਅਤੇ ਧੜ੍ਹਮ ਕਰਕੇ ਹੇਠਾਂ ਆਣ ਡਿਗੱਾ ਡਿਗੱਦਿਆਂ ਹੀ ਮਰ ਗਿਆ । ਇਸ ਨਾਲ ਇਹ ਗੱਲ ਵੀ ਉਸ ਦਾ ਅੰਜਾਮ ਦੇਖਣ ਵਾਲਿਆਂ ਉਪੱਰ ਪ੍ਰਕਟ ਹੋ ਗਈ ਕਿ ਰੱਬ ਦੇ ਪਿਆਰੇ ਨਬੀਆਂ ਨਾਲ ਹਾਸੇ ਠੱਠੇ ਦਾ ਕੀ ਸਿਟੱਾ ਹੁੰਦਾ ਹੈ । ਅੱਜ ਜੋ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਹਾਸੇ ਠੱਠੇ ਦਾ ਰਵਈਆ ਧਾਰੇ ਹੋਏ ਹਨ ਜਾਂ ਬੇਹੂਦਾ ਗੱਲਾਂ ਕਰਦੇ ਹਨ । ਆਪ ਸਲਲਾਹੁ ਅਲੈਹਿ ਵਸਲਅਮ ਤਾਂ ਰੱਬ ਦੇ ਸਭ ਤੋਂ ਪਿਆਰੇ ਨਬੀ ਹਨ, ਆਪ ਬਾਰੇ ਲੋਕਾਂ ਦੀਆਂ ਬੇਹੂਦਾ ਗਲੱਾਂ ਰੱਬ ਐਵੇਂ ਹੀ ਜਾਣ ਦੇਵੇਗਾ ? ਨਹੀਂ, ਸਗੋਂ ਰੱਬ ਅਜਿਹਿਆਂ ਨੂੰ ਦੁਨੀਆਂ ਵਿੱਚ ਵੀ ਪਾਠ ਲੈਣ ਦਾ ਨਿਸ਼ਾਨ ਬਣਾਉਂਦਾ ਹੈ । ਇਸ ਲਈ ਸਾਨੂੰ ਆਪਣੇ ਦਰੂਦਾਂ ਨੂੰ ਦੁਆਵਾਂ ਵਿੱਚ ਢਾਲਣਾ ਚਾਹੀਦਾ ਹੈ ਅਤੇ ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਦੁਆ ਕਰਨੀ ਚਾਹੀਦੀ ਹੈ

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਇਸ ਗੱਲ ਦੀ ਚਰਚਾ ਕਰਦੇ ਹੋਏ ਹੋਰ ਫ਼ਰਮਾਉਂਦੇ ਹਨ ਕਿ ਸੋ, ਤੁਸੀਂ ਆਪਣੇ ਅੰਦਰ ਅਜਿਹੀ ਪਾਕ ਤਬਦੀਲੀ ਪੈਦਾ ਕਰੋ ਕਿ ਦੁਨੀਆ ਉਸ ਨੂੰ ਅਨੁਭਵ ਕਰੇ । ਤੁਹਾਡੀ ਹਾਲਤ ਇਹ ਹੋਵੇ ਕਿ ਤੁਹਾਡੀ ਸੰਜਮਤਾ, ਪਵਿਤੱਰਤਾ, ਤੁਹਾਡੀਆਂ ਦੁਆਵਾਂ ਦੀ ਪਰਵਾਨਗੀ ਅਤੇ ਰੱਬ ਨਾਲ ਸੰਬੰਧ ਨੂੰ ਦੇਖ ਕੇ ਲੋਕ ਇਸ ਵੱਲ ਖਿੱਚੇ ਆਉਣ । ਚੇਤੇ ਰੱਖੋ ਅਹਮਦੀਅਤ ਦੀ ਤਰੱਕੀ ਅਜਿਹੇ ਲੋਕਾਂ ਰਾਹੀਂ ਹੀ ਹੋਵੇਗੀ ਅਤੇ ਆਪ ਲੋਕ ਉਸ ਥਾਂ ਜਾਂ ਉਸ ਦੇ ਨੇੜੇ ਪਹੁੰਚ ਜਾਓਗੇ । ਤਾਂ ਫਿਰ ਜੇਕਰ ਤੁਸੀਂ ਬਾਹਰ ਇਕ ਪੈਰ੍ਹ ਵੀ ਨਹੀਂ ਰੱਖੋਗੇ ਸਗੋਂ ਕਿਸੇ ਗੁਪਤ ਨੁਕੱਰ ਵਿੱਚ ਬਹਿ ਜਾਓਗੇ ਤਾਂ ਓਥੇ ਵੀ ਲੋਕ ਆਪ ਕੋਲ ਇਕਤੱਰ ਹੋ ਜਚਾਣਗੇ ਅਤੇ ਇੰਸ਼ਾਅਲੱਾਹ ਤਆਲਾ ਅਹਮਦੀਅਤ ਵਿੱਚ ਦਾਖ਼ਲ ਹੋਣਗੇ ।

ਇਕ ਘਟਨਾ ਦਾ ਵਰਨਣ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਿਆਲਕੋਟ ਗਏ ਤਾਂ ਮੌਲਵੀਆਂ ਨੇ ਫ਼ਤਵਾ ਦਿਤੱਾ ਕਿ ਜੋ ਇਹਨਾਂ ਦੇ ਲੈਕਚਰ ਵਿੱਚ ਜਾਵੇਗਾ ਉਸ ਦਾ ਨਿਕਾਹ ਟੁੱਟ ਜਾਵੇਗਾ, ਪਰ ਕਿਉਂਕਿ ਹਜ਼ਰਤ ਮਿਰਜ਼ਾ ਸਾਹਬ ਦੀ ਖਿੱਚ ਅਜਿਹੀ ਸੀ ਕਿ ਲੋਕਾਂ ਨੇ ਇਸ ਫ਼ਤਵੇ ਦੀ ਕੋਈ ਪਰਵਾਹ ਵੀ ਨਹੀਂ ਕੀਤੀ ।

ਹਜ਼ਰਤ ਮੌਲਵੀ ਬੁਰਹਾਨੁੱਦੀਨ ਸਾਹਬ ਹਜ਼ਰਤ ਮਸੀਹ ਮਊਦ ਅਲੈਹਿਨਲਾਮ ਦੇ ਇਕ ਅਤਿਅੰਤ ਸਦਭਾਵਕ ਸਹਾਬੀ ਗੁਜ਼ਰੇ ਹਨ । ਇਹਨਾ ਬਾਰੇ ਫ਼ਰਮਾਉਂਦੇ ਹਨ ਕਿ ਅਹਮਦੀਅਤ ਤੋਂ ਪਹਿਲਾਂ ਵਹਾਬੀਆਂ ਦੇ ਪ੍ਰਸਿੱਧ ਵਿਦਵਾਨ ਸਨ ਅਤੇ ਬਹੁਤ ਹੀ ਭਦਰਪੁਰਖ ਸਨ ਉਹਨਾਂ ਨੂੰ ਦੇਖਕੇ ਕੋਈ ਨਹੀਂ ਸਮਝ ਸਕਦਾ ਸੀ ਕਿ ਇਹ ਕੋਈ ਵਿਦਵਾਨ ਹਨ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਨੂੰ ਉਹਨਾਂ ਦਾ ਇਕ ਲਤੀਫ਼ਾ ਹਮੇਸ਼ਾ ਚੇਤੇ ਰਹਿੰਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਿਆਲਕੋਟ ਪਹੁੰਚੇ ਓਥੇ ਸਖ਼ਤ ਵਿਰੋਧਤਾ ਹੋਈ, ਉਸ ਦੇ ਬਾਦ ਜੱਦ ਆਪ ਵਾਪਸ ਆ ਗਏ ਤਾਂ ਵਿਰੋਧੀਆਂ ਨੂੰ ਜਿਸ ਜਿਸ ਮਨੁੱਖ ਬਾਰੇ ਪਤਾ ਲਗੱਾ ਕਿ ਇਹ ਅਹਮਦੀ ਹੈ ਉਸ ਨੂੰ ਬਹੁਤ ਕਸ਼ਟ ਦੇਣ ਲੱਗ ਪਏ । ਮੌਲਵੀ ਬੁਰਹਾਨੁੱਦੀਨ ਸਾਹਬ ਵੀ ਸਟੇਸ਼ਨ ਤੋਂ ਵਾਪਸ ਜਾ ਰਹੇ ਸਨ ਕਿ ਲੋਕਾਂ ਨੇ ਉਹਨਾਂ'ਤੇ ਗੋਬਰ ਚੁੱਕ ਚੁੱਕ ਕੇ ਸੁਟਣਾ ਸ਼ੁਰੂ ਕਰ ਦਿੱਤਾ ਅਤੇ ਇਕ ਨੇ ਤਾਂ ਗੋਬਰ ਆਪ ਦੇ ਮੂੰਹ'ਤੇ ਪਾ ਦਿਤੱਾ, ਪਰ ਉਹ ਬਹੁਤ ਖ਼ੁਸ਼ੀ ਨਾਲ ਇਸ ਕਸ਼ਟ ਨੂੰ ਝਲਦੇ ਰਹੇ ਅਤੇ ਜੱਦ ਵੀ ਉਹਨਾਂ'ਤੇ ਗੋਬਰ ਸੁੱਟਿਆ ਜਾਂਦਾ ਤਾਂ ਬਹੁਤ ਆਨੰਦ ਨਾਲ ਕਹਿੰਦੇ, 'ਇਹ ਦਿਨ ਕਿੱਥੋਂ, ਇਹ ਖ਼ੁਸ਼ੀਆਂ ਕਿੱਥੋਂ ।' ਦਸੱਣ ਵਾਲੇ ਨੇ ਦੱਸਿਆ ਕਿ ਰਤਾ ਵੀ ਉਹਨਾਂ ਦੇ ਮੱਥੇ ਉਪੱਰ ਤਿਊੜੀ ਨਹੀਂ ਸੀ ਆਉਂਦੀ । ਉਹ ਆਪਣੇ ਅਹਮਦੀ ਹੋਣ ਦੇ ਕਾਰਣ ਦੀ ਇਕ ਅਜੀਬ ਜਿਹੀ ਗੱਲ ਸੁਣਾਇਆ ਕਰਦੇ ਸਨ । ਅਰੰਭ ਵਿੱਚ ਦਾਵੇ ਤੋਂ ਪਹਿਲਾਂ ਹਜ਼ਰਤ ਮਸੀਰਹ ਮਊਦ ਅਲੈਹਿ ਸਲਾਮ ਨੂੰ ਦੇਖਿਆ ਕਿ ਕੋਈ ਲੇਖ ਲਿੱਖ ਰਹੇ ਸਨ ਅਤੇ ਕਮਰੇ ਵਿੱਚ ਬਹੁਤ ਤੇਜ਼ੀ ਨਾਲ ਟਹਿਲਦੇ ਜਾ ਰਹੇ ਸਨ । ਉਸੇ ਸਮੇਂ ਆਪ ਦੇ ਮਨ ਵਿੱਚ ਇਹ ਗੱਲ ਬਹਿ ਗਈ ਕਿ ਆਪ ਦੁਨੀਆ ਵਿੱਚ ਕੋਈ ਮਹਾਨ ਕਾਰਜ ਕਰਕੇ ਰਹਿਣਗੇ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਤੇਜ਼ੀ ਨਾਲ ਕੰਮ ਕਰਨ ਨਾਲ ਸਮੇਂ ਵਿੱਚ ਬਹੁਤ ਅੰਤਰ ਪੈ ਜਾਂਦਾ ਹੈ । ਬੱਚਿਆਂ ਨੂੰ ਛੇਤੀ ਕੰਮ ਕਰਨ ਤੇ ਛੇਤੀ ਸੋਚਣ ਦੀ ਆਦਤ ਪਾਉਣੀ ਚਾਹੀਦੀ ਹੈ । ਪਰ ਛੇਤੀ ਤੋਂ ਭਾਵ ਕਾਹਲ਼ੀ ਨਹੀਂ ਸਗੋਂ ਸੋਚ ਸਮਝ ਕੇ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ । ਜਲਦਬਾਜ਼ (ਕਾਹਲ਼ਾ) ਸ਼ੈਤਾਨ ਹੈ, ਪਰ ਸੋਚ ਸਮਝ ਕੇ ਛੇਤੀ ਕੰਮ ਕਰਨ ਵਾਲਾ ਰੱਬ ਦਾ ਜੋਧਾ ਹੈ । ਸੋ, ਵੱਡਿਆਂ ਅਤੇ ਅਹੁਦੇਦਾਰਾਂ ਨੂੰ ਵੀ ਆਪਣੇ ਕੰਮਾ ਵਿੱਚ ਤੇਜ਼ੀ ਪੈਦਾ ਕਰਨ ਦੀ ਲੋੜ ਹੈ ਕਿਉਂਕਿ ਅਸੀਂ ਉਸ ਮਸੀਹ ਦੇ ਮੰਨ੍ਹਣ ਵਾਲੇ ਹਾਂ ਜਿੰਨ੍ਹਾ ਨੇ ਸਮੇਂ ਨੂੰ ਉਸਦੀ ਬਹੁਤ ਕਦਰ ਕਰਦਿਆਂ ਹੋਇਆਂ ਵਰਤਿਆ ਕਿਉਂਕਿ ਅਲੱਾਹ ਤਆਲਾ ਨੇ ਇਲਹਾਮ ਰਾਹੀਂ ਵੀ ਫ਼ਰਮਾਇਆ ਕਿ ਉਹਨਾਂ ਦਾ ਸਮਾਂ ਨਸ਼ਟ ਨਹੀਂ ਕੀਤਾ ਜਾਂਦਾ । ਇਸ ਲਈ ਸਾਨੂੰ ਇਸ ਵੱਲ ਬਹੁਤ ਧਿਆਨ ਰੱਖਣਾ ਚਾਹੀਦਾ ਹੈ ।

ਇਸ ਗੱਲ ਦਾ ਵਿਸਥਾਰ ਕਰਦਿਆਂ ਹੋਇਆ ਕਿ ਮੌਤ ਤੋਂ ਡਰਨ ਵਾਲਿਆਂ ਨੂੰ ਵੈਰੀ ਡਰਾਉਂਦਾ ਹੈ, ਆਪ ਨੇ ਜਿਹਲਮ ਵਾਲੀ ਮੌਲਵੀ ਬੁਰਹਰਾਨੁਦੀਨ ਸਾਹਬ ਵਾਲੀ ਘਟਨਾ ਵਰਨਣ ਕੀਤੀ ਅਤੇ ਫ਼ਰਮਾਇਆ ਕਿ ਗੱਲ ਇਹ ਹੈ ਕਿ ਜੱਦ ਦੁਸ਼ਮਣ ਦੇਖਦਾ ਹੈ ਕਿ ਲੋਕ ਮੌਤ ਤੋਂ ਡਰਦੇ ਹਨ ਤਾਂ ਕਹਿੰਦਾ ਹੈ ਕਿ ਆਓ ਅਸੀਂ ਉਹਨਾਂ ਨੂੰ ਡਾਰਾਈਏ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ ਸ਼ੈਤਾਨ ਆਪਣੇ ਔਲੀਆ ਨੂੰ ਡਰਾਉਂਦਾ ਹੈ । ਸੋ, ਜੱਦ ਕੋਈ ਮਨੁੱਖ ਡਰਦਾ ਹੈ ਤਾਂ ਦੁਸ਼ਮਣ ਸਮਝਦੇ ਹਨ ਇਹ ਸ਼ੈਤਾਨੀ ਮਨੁੱਖ ਹੈ, ਪਰ ਜੇਕਰ ਉਹ ਨਹੀਂ ਡਰਦਾ ਸਗੋਂ ਉਹਨਾਂ ਕਸ਼ਟਾਂ ਤੇ ਆਕ੍ਰਮਣਾ ਨੂੰ ਰੱਬ ਦਾ ਪੁਰਸਕਾਰ ਸਮਝਦਾ ਹੈ ਅਤੇ ਕਹਿੰਦਾ ਹੈ ਕਿ ਰੱਬ ਨੇ ਮੈਨੂੰ ਆਪਣੀ ਮਿਹਰ ਨਾਲ ਇਹ ਸਨਮਾਨ ਬੱਖ਼ਸ਼ਿਆ ਹੈ ਅਤੇ ਉਸ ਨੇ ਮੇਰੇ ਉਪੱਰ ਉਪਕਾਰ ਕੀਤਾ ਹੈ ਕਿ ਮੈਂ ਉਸ ਦੀ ਖ਼ਾਤਰ ਮਾਰਾਂ ਖਾ ਰਿਹਾ ਹਾਂ ਤਾਂ ਦੁਸ਼ਮਣ ਮਰਊਬ (ਆਤੰਕਤ, ਭੈਭੀਤ, ਪ੍ਰਭਾਵਤ) ਹੋ ਜਾਂਦਾ ਹੈ ਅਤੇ ਅਖੀਰ ਉਸ ਵਿੱਚ ਪਛਤਾਵਾ ਪੈਦਾ ਹੁੰਦਾ ਹੈ ।

ਮੌਲਵੀ ਬੁਰਾਨੁੱਦੀਨ ਸਾਹਬ ਬਾਰੇ ਇਕ ਹੋਰ ਘਟਨਾ ਇਹ ਵੀ ਹੈ ਕਿ ਉਹ ਇਕ ਵਾਰ ਹਜ਼ਰਤ ਮਸੀਰਹ ਮਊਦ ਅਲੈਹਿ ਸਲਾਮ ਕੋਲ ਆਏ ਅਤੇ ਚਰਚਾ ਕੀਤੀ ਕਿ ਮੈਂ ਸੁਪਨੇ ਵਿੱਚ ਆਪਣੀ ਫ਼ੌਤ ਹੋਈ ਭੈਣ ਨੂੰ ਦੇਖਿਆ ਹੈ । ਮੈਂ ਉਸ ਨੂੰ ਪੁੱਛਿਆ ਭੈਣੇ ਦੱਸ ਤੇਰਾ ਕੀ ਹਾਲ ਹੈ । ਉਹ ਕਹਿਣ ਲੱਗੀ ਰੱਬ ਨੇ ਬਹੁਤ ਮਿਹਰ ਕੀਤੀ ਹੈ, ਮੈਨੂੰ ਉਸਨੇ ਬਖ਼ਸ਼ ਦਿਤੱਾ ਹੈ ਅਤੇ ਹੁਣ ਮੈਂ ਸਵਰਗ ਵਿੱਚ ਬਹੁਤ ਆਰਾਮ ਨਾਲ ਰਹਿੰਦੀ ਹਾਂ । ਮੈਂ ਉਸ ਨੂੰ ਪੁੱਛਿਆ ਭੈਣ ਓਥੇ ਕੀ ਕਰਦੀ ਹੈਂ, ਉਹ ਕਹਿਣ ਲੱਗੀ ਇਹ ਵੀ ਲਤੀਫ਼ਾ ਹੈ, ਕਹਿੰਦੀ ਬੇਰ ਵੇਚਦੀ ਹਾਂ । ਮੌਲਵੀ ਬੁਰਹਾਨੁੱਦੀਨ ਸਾਹਬ ਕਹਿਣ ਲੱਗੇ ਮੈਂ ਸੁਪਨੇ ਵਿੱਚ ਹੀ ਕਿਹਾ ਭੈਣ ਸਾਡੀ ਕਿਸਮਤ ਵੀ ਅਜੀਬ ਏ, ਸਾਨੂੰ ਸਵਰਗ ਵਿੱਚ ਵੀ ਬੇਰ ਈ ਵੇਚਣੇ ਨੇ । ਉਹਨਾਂ ਦੇ ਖ਼ਾਨਦਾਨ ਵਿੱਚ ਵੀ ਕਿਉਂਕਿ ਗ਼ਰੀਬੀ ਸੀ ਇਸ ਲਈ ਸੁਪਨੇ ਵਿੱਚ ਵੀ ਉਹਨਾਂ ਦਾ ਖ਼ਿਆਲ ਓਧਰ ਗਿਆ । ਹਜਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਬੇਰ ਵਾਸਤਵ ਵਿੱਚ ਸਵਰਗੀ ਫ਼ਲ ਹੈ ਅਤੇ ਇਸ ਤੋਂ ਭਾਵ ਅਜਿਹੀ ਸੰਪੂਰਨ ਮੁਹਬੱਤ ਹੁੰਦੀ ਹੈ ਜਿਸਦਾ ਪਤਨ ਨ ਹੋਵੇ । ਕਿਉਂਕਿ 'ਸਿਦਰਾਤੁਲ ਅਜ਼ਵਾਲ' ਇਲਾਹੀ ਸਨੇਹ ਦਾ ਅਸਥਾਨ

ਹੈ । ਇਸ ਲਈ ਇਸ ਦਾ ਸੁਵਪੱਨ ਪ੍ਰਤੀਫ਼ਲ ਇਹ ਸੀ ਕਿ ਭੈਣ ਰੱਬ ਦੀ ਲਾਜ਼ਵਾਲ (ਕਦੇ ਨਸ਼ਟ ਨ ਹੋਣ ਵਾਲੀ) ਮੁਹਬੱਤ ਲੋਕਾਂ ਵਿੱਚ ਵੰਡਦੀ ਹੈ । ਫਿਰ ਆਪ ਵਿਸਥਾਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਭਾਵ ਇਹ ਕਿ ਮੋਮਨ ਕਿਤੇ ਵੀ ਰਹੇ ਉਸ ਨੂੰ ਕੰਮ ਕਰਨਾ ਪਏਗਾ । ਅਲੱਾਹ ਤਆਲਾ ਸਪਸ਼ਟ ਤੋਰ'ਤੇ ਫ਼ਰਮਾਉਂਦਾ ਹੈ ਕਿ ਜੱਦ ਤੁਸੀਂ ਵਿਹਲੇ ਹੋ ਜਾਓ ਤਾਂ ਬਹੁਤੀ ਮਿਹਨਤ ਕਰੋ ਅਤੇ ਆਪਣੇ ਰੱਬ ਵੱਲ ਦੌੜ ਪਓ, ਇਹ ਨੁਕਤਾ ਹੈ ਜਿਸ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ । ਤੁਹਾਡੇ ਲਈ ਇਹਨਾਂ ਅਰਥਾਂ ਵਿੱਚ ਕੋਈ ਆਰਾਮ ਨਹੀਂ ਜਿਸ ਨੂੰ ਦੁਨੀਆ ਦੇ ਲੋਕ ਆਰਾਮ ਕਹਿੰਦੇ ਹਨ ਅਤੇ ਇਹਨਾਂ ਅਰਥਾ ਵਿੱਚ ਜਿਸ ਮਨੁੱਖ ਨੇ ਆਰਾਮ ਦੀ ਭਾਲ ਕੀਤੀ ਉਹ ਇਸ ਲੋਕ ਵਿੱਚ ਵੀ ਅੰਨ੍ਹਾ ਰਹੇਗਾ ਅਤੇ ਪਰਲੋਕ ਵਿੱਚ ਵੀ ਅੰਨ੍ਹਾ ਉੱਠੇਗਾ ।

ਇਸ ਲਈ ਮੋਮਨ ਦਾ ਕੰਮ ਹੈ ਕਿ ਆਪਣੇ ਆਪ ਨੂੰ ਕੰਮ ਵਿੱਚ ਲੀਨ ਰੱਖੇ । ਇਕ ਟੀਚਾ ਪ੍ਰਾਪਤ ਕਰਕੇ ਦੂਜੇ ਟਾਰਗਟ ਦੀ ਭਾਲ ਲਈ ਲੱਕ ਬੰਨ੍ਹੀ ਤਿਆਰ ਬਰ ਤਿਆਰ ਰਹੇ । ਅਤੇ ਇਹੋ ਵਿਅਕਤੀਗਤ ਅਤੇ ਕੌਮੀ ਤਰੱਕੀ ਦਾ ਨੁਸਖਾ ਹੈ ਅਤੇ ਭੇਦ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।


**Khulasa Khutba 06.02.2014**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131